ਪੰਜਾਬ ਸਰਕਾਰ,
ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ, ਪੰਜਾਬ,
ਦਫਤਰ ਵਣ ਮੰਡਲ ਅਫਸਰ, ਅੰਮ੍ਰਿਤਸਰ ।
ਫਾਰੈਸਟ ਕੰਪਲੈਕਸ, ਤਾਰਾਂ ਵਾਲਾ ਪੁੱਲ, ਅੰਮ੍ਰਿਤਸਰ ।
ਫੋਨ ਫੈਕਸ ਨੰ : 0183-2912080
Email : dfoamritsar@rediffmail.com

ਸੇਵਾ ਵਿਖੇ:-

ਵਧੀਕ ਪ੍ਰਧਾਨ ਮੁੱਖ ਵਣ ਪਾਲ (ਐਫ.ਸੀ),
ਅਤੇ ਨੋਡਲ ਅਫਸਰ (ਐਫ.ਸੀ.ਏ.),
ਪੰਜਾਬ, ਐਸ.ਏ.ਐਸ ਨਗਰ ।

ਨੰਬਰ 1351 ਮਿਤੀ 9/5/2023

ਵਿਸ਼ਾ:- **FP/PB/Approach/120478/2023:-Diversion of 0.0116 ha of forest land for approach road to Residential Colony named Empire Estate at Kala Ghanupur Sub-Urban, Opp. Dera Radha Swami, Ramtirth Road on Amritsar-Ramtirth Road Tehsil & District Amritsar**

ਹਵਾਲਾ:- ਆਪ ਜੀ ਦੇ ਦਫਤਰ ਦਾ ਪੱਤਰ ਨੰ: I/550759/2023 ਮਿਤੀ 26-04-2023

ਉਪਰੋਕਤ ਵਿਸ਼ੇ ਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਇਸ ਤਜਵੀਜ ਵਿੱਚ ਯੂਜਰ ਏਜੰਸੀ ਵੱਲੋਂ ਐਫ.ਸੀ.ਏ ਐਕਟ ਦੀ ਉਲੰਘਣਾ ਕੀਤੇ ਜਾਣ ਤੇ ਇਸ ਦਫਤਰ ਦੇ ਪੱਤਰ ਨੰ: 652 ਮਿਤੀ 30-04-2021 ਰਾਹੀਂ (ਕਾਪੀ ਨੱਥੀ) ਪੀਨਲ ਸੀ.ਏ2 ਗੁਣਾ ਪੀਨਲ ਸੀ.ਏ ਪਾਉਣ ਦੀ ਸਿਫਾਰਸ਼ ਭੇਜੀ ਗਈ ਸੀ ਕਿਉਂਕਿ ਇਸ ਤਜਵੀਜ ਵਿੱਚ ਯੂਜਰ ਏਜੰਸੀ ਵੱਲੋਂ ਪੀ.ਡਬਲਿਊ.ਡੀ ਵਿਭਾਗ ਦਾ ਐਨ.ਓ.ਸੀ ਮਿਤੀ 12-01-2021 ਨੂੰ ਵਾਇਲੇਸ਼ਨ (ਮਿਤੀ 02-02-2021) ਤੋਂ ਪਹਿਲਾਂ ਪ੍ਰਾਪਤ ਕੀਤਾ ਗਿਆ ਸੀ । ਇਸ ਲਈ ਇਸ ਕੇਸ ਵਿੱਚ 2 ਗੁਣਾ ਪੀਨਲ ਸੀ.ਏ ਜੋਕਿ ਪ੍ਰਧਾਨ ਮੁੱਖ ਵਣ ਪਾਲ, ਪੰਜਾਬ, ਚੰਡੀਗੜ੍ਹ ਜੀ ਦੇ ਪੱਤਰ ਨੰ:20341-62 ਮਿਤੀ 24-09-2009 ਰਾਹੀਂ (ਕਾਪੀ ਨੱਥੀ) ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਭੇਜੀ ਗਈ ਹੈ । ਇਸ ਤੋਂ ਇਲਾਵਾ ਇਥੇ ਆਪ ਜੀ ਨੂੰ ਇਹ ਵੀ ਦੱਸਣਯੋਗ ਹੈ ਕਿ ਆਪ ਜੀ ਦੇ ਦਫਤਰ ਵੱਲੋਂ ਪ੍ਰਾਪਤ ਆਨਲਾਈਨ ਇਤਰਾਜ ਮਿਤੀ 19-12-2022 ਦੇ ਸਬੰਧ ਵਿੱਚ ਇਸ ਦਫਤਰ ਦੇ ਪੱਤਰ ਨੰ: 10647 ਮਿਤੀ 26-12-2022 ਰਾਹੀਂ ਰੀਵਾਇਜਡ ਸੀ.ਏ, ਵੱਖਰੀ ਐਨ.ਪੀ.ਵੀ ਸ਼ੀਟ ਅਤੇ ਸੋਧਿਆ ਹੋਇਆ ਪਾਰਟ-2 ਆਨਲਾਈਨ ਅਪਲੋਡ ਕਰਨ ਉਪਰੰਤ ਆਪ ਜੀ ਨੂੰ ਭੇਜਿਆ ਗਿਆ ਸੀ ।ਇਸ ਲਈ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਤਜਵੀਜ ਨੂੰ ਵਾਚਦੇ ਹੋਏ ਇਸ ਕੇਸ ਦੀ ਮੁੱਢਲੀ ਪ੍ਰਵਾਨਗੀ ਜਾਰੀ ਕਰਨ ਦੀ ਖੇਚਲ ਕੀਤੀ ਜਾਵੇ ਜੀ ।

<u>ਨੱਥੀ/ਉਪਰਵਾਂਗ</u>

ਵਣ ਮੰਡਲ ਅਫਸਰ,
ਅੰਮ੍ਰਿਤਸਰ ।

ਪਿੱਠ ਅੰਕਣ ਨੰ: ਮਿਤੀ:

ਕਾਪੀ ਵਣ ਪਾਲ ਬਿਸਤ ਸਰਕਲ ਪੰਜਾਬ ਜਲੰਧਰ ਜੀ ਨੂੰ ਉਪਰੋਕਤ ਹਵਾਲੇ ਵਿੱਚ ਸੂਚਨਾਂ ਅਤੇ ਯੋਗ ਕਾਰਵਾਈ ਲਈ ਭੇਜੀ ਜਾਂਦੀ ਹੈ ।

ਵਣ ਮੰਡਲ ਅਫਸਰ,
ਅੰਮ੍ਰਿਤਸਰ ।



D:\FCA 4.docx

ਪੰਜਾਬ ਸਰਕਾਰ,
ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ, ਪੰਜਾਬ,
ਦਫਤਰ ਵਣ ਮੰਡਲ ਅਫਸਰ, ਅੰਮ੍ਰਿਤਸਰ।
ਫਾਰੈਸਟ ਕੰਪਲੈਕਸ, ਤਾਰਾਂ ਵਾਲਾ ਪੁੱਲ, ਅੰਮ੍ਰਿਤਸਰ।
ਫੋਨ/ਫੈਕਸ ਨੰ : 0183-2585480
Email : dfoamritsar@rediffmail.com

ਸੇਵਾ ਵਿਖੇ:-

ਵਧੀਕ ਪ੍ਰਧਾਨ ਮੁੱਖ ਵਣ ਪਾਲ (ਐਫ.ਸੀ)
ਅਤੇ ਨੋਡਲ ਅਫਸਰ (ਐਫ.ਸੀ.ਏ),
ਪੰਜਾਬ, ਐਸ.ਏ.ਐਸ ਨਗਰ।

ਨੰਬਰ: 652 ਮਿਤੀ 30-04-2021

Sub: **Proposal No. FP/PB/Approach/120478/2021 : Diversion of 0.0116 ha. of forest land for approach road to Residential Colony Named Empire Estate at Kala Ghanupur Sub-Urban, Opp. Dera Radha Swami, Ram Tirath Road on Amritsar – Ramtirath Road Tehsil & Distt. Amritsar.**

*****

ਉਪਰੋਕਤ ਵਿਸ਼ੇ ਅਧੀਨ ਤਜਵੀਜ ਇਸ ਦਫਤਰ ਵਿੱਚ ਫਾਰੈਸਟ ਕੰਜਰਵੇਸ਼ਨ ਐਕਟ, 1980 ਤਹਿਤ ਪ੍ਰਵਾਨਗੀ ਲਈ ਪ੍ਰਾਪਤ ਹੋਈ ਹੈ। ਇਸ ਤਜਵੀਜ ਵਿੱਚ ਦਾ **for approach road to Residential Colony Named Empire Estate at Kala Ghanupur Sub-Urban, Opp. Dera Radha Swami, Ram Tirath Road on Amritsar – Ramtirath Road Tehsil & Distt. Amritsar** ਦਾ **....0.0116...** ਹੈਕਟਰ ਵਣ ਰਕਬੇ ਪ੍ਰਭਾਵਿਤ ਹੋਵੇਗਾ । ਇਸ ਕੇਸ ਵਿੱਚ ਕੋਈ ਰੁੱਖ, ਪੋਦਾ ਅਤੇ ਪੋਲ ਪ੍ਰਭਾਵਿਤ ਨਹੀਂ ਹੁੰਦਾ ਹੈ। ਇਸ ਕੇਸ ਵਿੱਚ ਯੂਜਰ ਏਜੰਸੀ ਪ੍ਰਾਈਵੇਟ ਅਦਾਰਾ ਹੈ। ਨਿਮਨਹਸਤਾਖਰ ਵੱਲੋਂ ਸਬੰਧਤ ਰਕਬੇ ਦਾ ਮਿਤੀ 16/4/2021 ਨੂੰ ਨਿੱਜੀ ਨਿਰੀਖਣ ਕਰ ਲਿਆ ਗਿਆ ਹੈ। ਇਸ ਤਜਵੀਜ ਨਾਲ ਸਬੰਧਤ ਸੂਚਨਾ ਦਾ ਵੇਰਵਾ ਹੇਠ ਪ੍ਰਕਾਰ ਹੈ:-

| Sr. No. | Particulars of Documents | Whether Documents counter signed by DFO and attached/ uploaded in Part-II of online portal. | Documents Correct/ Incorrect format | Remarks (as per parivesh portal) |
|---|---|---|---|---|
| 1 | **Short Narrative:-** | | | |
| (i) | Whether Part-I & II of the Form-A requiring forest land has been filled up and signed by the user agency giving justification. | Uploaded | Correct | Sr.No. 2-6 (Document Sr.No 21-25 ) in part II. |
| (ii) | Whether a note (narrative) of the project has been provided by the user agency. | Uploaded | Correct | Sr.No. 10 (Document Sr.No 8 ) in part II. |

| | | | | |
|---|---|---|---|---|
| (iii) | Whether user agency is private/ Govt./PSU. | Uploaded | Correct | Sr No.1 (Document Sr.No 30 ) in part II |
| (iv) | Whether the extent of non-forest area involved along with its survey nos. given by concerned user agency in the prescribed format. | Uploaded | Correct | Sr.No. 9 (Document Sr.No 12) in part II.. |
| (v) | Whether the latest Jamabandi Records about the ownership of the land in case of the same user agency who has applied has been submitted. | Uploaded | Correct | Sr.No 50-65 (Document Sr.No 5 ) in part II. |
| (vi) | Whether details of project approvals/ LOI etc from competent authority has been provided by the user agency. | Uploaded | Correct | Sr.No 11-16 (Document Sr.No 9 ) in part II. |
| 2. | **Details of Forest Area:-** | | | |
| (i) | Whether the extent of forest area along with its item wise breakup given by the concerned DFO in the prescribed format. | Uploaded | Correct | Sr.No.7 (Document Sr.No10 ) in part II. |
| (ii) | Whether the legal status of forest area is given by DFO. | Uploaded | Correct | Sr.No. 8 (Document Sr.No 44) in part II. |
| 3. | **Maps and Photographs:-** | | | |
| (i) | Whether the Layout Plan of the project site approved by the competent authority has been given by the user agency. | Uploaded | Correct | Sr.No. 18 (Document Sr.No 36) in part II. |
| (ii) | Whether photographs of the forest area involved have been enclosed clearly is showing the forest area involved. | Uploaded | Correct | Sr.No. 84 (Document Sr.No 33) in part II. |
| (iii) | Whether original DGPS Map (matching with the KML file of forest area being diverted) with co-ordinates of Project Site has been enclosed correct the map and uploaded. | Uploaded | Correct | Sr.No.19-20 (Document Sr.No 24 ) in part II. |
| 4. | **Vegetation Detail:-** | | | |
| (i) | Whether the density of vegetation has been mentioned, along with species wise/ class wise enumeration list of trees to be felled. | No | - | - |

| | | | | |
|---|---|---|---|---|
| | a) No of trees to be felled. | No | - | - |
| | b) No of poles to be felled. | No | - | - |
| | c) No of plants to be felled. | No | - | - |
| 5. | **Site Inspection:-** | | | |
| (i) | Site Inspection Report of the DFO indicating legal status of the forest land, extent of forest area, date of inspection. | Uploaded | Correct | Sr. No. 22 (Document Sr.No 23) in part II. |
| ii) | Whether area falls under wildlife sanctuary/Eco-Sensitive Zone. If yes, then is NOC of competent authority of wildlife wing attached. | Not Applicable | - | - |
| (iii) | Recommendation of the CF concerned along with his observations wherever Site has been inspected by CF and Whether Extent of Penal CA for violation recommended by CF (violation, if applicable). | - | - | - |
| (iv) | Whether detailed Violation Report has been submitted giving information about:- | Uploaded | Correct | Sr. No. 21 (Document Sr.No 7) in part II. |
| | a) Whether damage Report has been issued for violation. | Uploaded | Correct | Sr.No. 21 (Document Sr.No 7) in part II. |
| | b) Date on which damage report has been issued. | Uploaded | Correct | Sr.No. 21 (Document Sr.No 7) in part II. |
| | c) Whether violation has been stopped at the time of submitting the proposal. | Uploaded | Correct | Sr.No. 21 (Document Sr.No 7) in part II. |
| | d) The extent of Penal C.A stipulated by DFO along with the reasons. | Uploaded | Correct | Sr.No. 21 (Document Sr.No 7) in part II. |
| 6. | Compensatory Afforestation proposal:- | | | |
| (i) | a) Whether compensatory Afforestation Scheme has been enclosed giving details of financial outlay and year wise schedule of the same. | Uploaded | Correct | Sr.No. 23-28 (Document Sr.No 38) in part II. |
| | b) Penal C.A. Scheme (if applicable). | Uploaded | Correct | Sr.No. 29-36 (Document Sr.No 13 14) in part II. |
| | c) Addl. C.A Scheme for Tall Plants (if applicable) | No | N.A | - |

| | | | | |
|---|---|---|---|---|
| (ii) | a) Whether Site Suitability Certificate of the DFO regarding CA site has been given along with the details of the Site and mentioned that whether it is degraded forest on non-forest. | Uploaded | Correct | Sr.No.37 (Document Sr.No 31 ) in part II. |
| | b) Site Suitability Certificate of Penal C.A. Scheme (if applicable). | Uploaded | Correct | Sr.No.37 (Document Sr.No 31 ) in part II. |
| | c) Site Suitability Certificate of Addl. C.A Scheme for Tall Plants (if applicable). | No | N.A | - |
| (iii) | a) Whether DGPS Map with co-ordinates of the C.A site has been submitted. | Uploaded | Correct | Sr.No. 37 A (Document Sr.No 34 ) in part II. |
| | b) DGPS Map with co-ordinates of Penal C.A. Site (if applicable). | Uploaded | Correct | Sr.No. 37A (Document Sr.No 34 ) in part II. |
| | c) DGPS Map with co-ordinates of Addl. C.A Site for Tall Plants (if applicable) | No | N.A | - |
| 7. | **NOCs from the concerned Department (wherever applicable):** | | | |
| (i) | Whether the Certificate relating to the Forest Rights Act, 2006 has been submitted. | Uploaded | Correct | Sr. No. 38-39 (Document Sr. No.22 ) in part II. |
| (ii) | Whether NOC of land-owning agency i.e PWD/NHAI/ Irrigation/Railway Department etc. has been given. | Uploaded | Correct | Sr. No. 40-41 (Document Sr. No. 15 ) in part II. |
| (iii) | Whether CLU from Town and Country Planning Department or any other competent authority has been given. | Uploaded Undertaking | Correct | Sr. No. 42-45 (Document Sr. No. 18 ) in part II. |
| 8. | **Processing Fees & Undertakings:-** | | | |
| (i) | Undertaking to provide the cost of Compensatory Afforestation. | Uploaded | Correct | Sr. No. 71 (Document S.No. 39 ) in part II. |
| (ii) | Undertaking to provide the cost of Addl. C.A. for Tall Plants (wherever applicable) | Uploaded | Correct | Sr. No. 72 (Document Sr. No. 40 ) in part II |
| (iii) | Undertaking to provide the cost of Net Present Value | Uploaded | Correct | Sr. No. 75 (Document Sr. No. 6 ) in part II. |

| | | | | |
|---|---|---|---|---|
| (iv) | Undertaking to provide the cost of Addl. NPV. | Uploaded | Correct | Sr. No. 76 (Document Sr. No. 26 ) in part II. |
| (v) | Undertaking to provide the cost of equivalent non-forest land or equivalent non-forest land (whichever applicable) | Uploaded | Correct | Sr. No. 73 (Document Sr. No. 32 ) in part II. |
| (vi) | Undertaking to provide the Cost of trees to be felled (wherever applicable) | Uploaded | Correct | Sr. No. 77 (Document Sr. No.41 ) in part II. |
| (vii) | Undertaking by user agency that "no such proposal for compliance of conditions of Stage-I approval is pending with this division" be submitted by User Agency. | Uploaded | Correct | Sr. No. 81 (Document Sr. No.35 ) in part II. |
| (viii) | Whether the user agency has deposited the Registration/ Processing fees @ Rs 2000/ per proposal in State Treasury. | Uploaded | Correct | Sr. No. 78 (Document Sr. No. 1 ) in part II. |
| (ix) | Whether the user agency has deposited the processing fees @ Rs 50/ per sqm in Greening Punjab Fund. | Uploaded | Correct | Sr. No.79 (Document Sr. No. 2 ) in part II. |

ਇਸ ਤਜਵੀਜ ਸਬੰਧੀ ਉਪਰੋਕਤ ਅਨੁਸਾਰ ਚੈੱਕ ਲਿਸਟ ਤਿਆਰ ਕੀਤੀ ਗਈ। ਇਸ ਤਜਵੀਜ ਵਿੱਚ ਦਰਸਾਏ ਦਸਤਾਵੇਜ ਚੈੱਕ ਕੀਤੇ, ਜੋਕਿ ਸਹੀ ਹਨ। ਇਸ ਕੇਸ ਵਿੱਚ ਯੂਜਰ ਏਜੰਸੀ ਵੱਲੋਂ ਵਣ ਐਕਟ 1980 ਦੀ ਉਲੰਘਣਾ ਕੀਤੀ ਗਈ ਹੈ। ਜਿਸ ਤੇ ਕਾਰਵਾਈ ਕਰਦੇ ਹੋਏ ਯੂਜਰ ਏਜੰਸੀ ਵਿਰੁੱਧ ਡੈਮਿੰਜ ਰਿਪੋਟ DR No. 82/15 ਮਿਤੀ 02-02-2021 ਜਾਰੀ ਕੀਤੀ ਗਈ ਹੈ, ਯੂਜਰ ਏਜੰਸੀ ਵੱਲੋਂ ਪੀ.ਡਬਲਊ.ਡੀ ਵਿਭਾਗ ਦੀ ਐਨ.ਓ.ਸੀ FCA 1980 ਦੀ ਉਲੰਘਣਾ ਤੋਂ ਪਹਿਲਾਂ ਪ੍ਰਾਪਤ ਕੀਤੀ ਗਈ ਹੈ। ਇਸ ਲਈ ਯੂਜਰ ਏਜੰਸੀ ਨੂੰ 2 ਗੁਣਾ ਪੀਨਲ ਸੀ.ਏ ਪਾਉਣ ਦੀ ਸਿਫਾਰਸ਼ ਸਹਿਤ ਕੇਸ ਪ੍ਰਵਾਨਗੀ ਲਈ ਭੇਜਿਆ ਜਾਂਦਾ ਹੈ।

ਇਸ ਤੋਂ ਇਲਾਵਾ ਇਹ ਤਜਵੀਜ ਆਨਲਾਈਨ ਭੇਜਦੇ ਹੋਏ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਨੂੰ ਵਿਚਾਰਨ ਉਪਰੰਤ ਇਸ ਦੀ ਫਾਈਨਲ ਐਨ.ਓ.ਸੀ ਜਾਰੀ ਕਰਨ ਦੀ ਖੇਚਲ ਕੀਤੀ ਜਾਵੇ ਜੀ।

ਨੱਥੀ : ਉਪਰਵਾਂਗ

ਵਣ ਮੰਡਲ ਅਫਸਰ,
ਅੰਮ੍ਰਿਤਸਰ।

ਪਿੱਠ ਅੰਕਣ ਨੰ: ਮਿਤੀ

ਕਾਪੀ ਵਣ ਪਾਲ, ਬਿਸਤ ਸਰਕਲ, ਪੰਜਾਬ, ਜਲੰਧਰ ਜੀ ਨੂੰ ਸਮੇਤ ਫਾਈਲ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜੀ ਜਾਂਦੀ ਹੈ।

ਵਣ ਮੰਡਲ ਅਫਸਰ,
ਅੰਮ੍ਰਿਤਸਰ।

ਪੰਜਾਬ ਸਰਕਾਰ,
ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ, ਪੰਜਾਬ,
ਵਣ ਸ਼ਾਖਾ।

ਵੱਲੋਂ

ਨੰ: FCA/1980/__

ਪ੍ਰਧਾਨ ਮੁੱਖ ਵਣ ਪਾਲ,
ਪੰਜਾਬ, ਚੰਡੀਗੜ੍ਹ।

ਸੇਵਾ ਵਿਖੇ

1. ਪ੍ਰਮੁੱਖ ਸਕੱਤਰ,
ਸੈਰ-ਸਪਾਟਾ, ਸੱਭਿਆਚਾਰਕ ਮਾਮਲੇ ਵਿਭਾਗ, ਪੰਜਾਬ।
2. ਵਿੱਤੀ ਕਮਿਸ਼ਨਰ,
ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ, ਪੰਜਾਬ।
3. ਪ੍ਰਮੁੱਖ ਸਕੱਤਰ,
ਸਥਾਨਕ ਸਰਕਾਰ ਵਿਭਾਗ, ਪੰਜਾਬ।
4. ਪ੍ਰਮੁੱਖ ਸਕੱਤਰ,
ਇੰਡਸਟਰੀਜ਼ ਅਤੇ ਕਾਮਰਸ ਵਿਭਾਗ, ਪੰਜਾਬ।
5. ਪ੍ਰਮੁੱਖ ਸਕੱਤਰ,
ਸਿੰਚਾਈ ਤੇ ਊਰਜਾ ਵਿਭਾਗ, ਪੰਜਾਬ।
6. ਸਕੱਤਰ,
ਮਕਾਨ ਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ।
7. ਸਕੱਤਰ,
ਸਾਇੰਸ, ਟੈਕਨਾਲੋਜੀ ਅਤੇ ਵਾਤਾਵਰਨ, ਪੰਜਾਬ।
8. ਸਕੱਤਰ,
ਲੋਕ ਨਿਰਮਾਣ ਵਿਭਾਗ, ਪੰਜਾਬ।

ਮਿਤੀ ________

ਵਿਸ਼ਾ: **ਵਣ ਸੁਰੱਖਿਆ ਐਕਟ, 1980 ਅਧੀਨ ਭਾਰਤ ਸਰਕਾਰ ਪਾਸੋਂ ਪ੍ਰਵਾਨਗੀਆਂ ਪ੍ਰਾਪਤ ਕਰਨ ਸਬੰਧੀ ਪਾਲਿਸੀ ਗਾਈਡਲਾਈਨਜ਼ ਸਬੰਧੀ ਹੋਈ ਮੀਟਿੰਗ ਦੀ ਕਾਰਵਾਈ ਬਾਰੇ।**

ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 15-6-09 ਨੂੰ ਉਕਤ ਵਿਸ਼ੇ ਤੇ ਹੋਈ ਮੀਟਿੰਗ ਦੀ ਕਾਰਵਾਈ ਦੀ ਕਾਪੀ ਲੋੜੀਂਦੀ ਕਾਰਵਾਈ ਲਈ ਭੇਜੀ ਜਾਂਦੀ ਹੈ।

—ਸਹੀ—
ਪ੍ਰਧਾਨ ਮੁੱਖ ਵਣ ਪਾਲ,
ਪੰਜਾਬ, ਚੰਡੀਗੜ੍ਹ।

ਸਹਿਪੱਤਰ: ਉਪਰੋਕਤ ਵਾਂਗ

ਪਿੱਠ ਅੰਕਣ ਨੰ:

ਮਿਤੀ

ਇਸ ਦੀ ਨਕਲ ਮੀਟਿੰਗ ਦੀ ਕਾਰਵਾਈ ਸਮੇਤ ਹੇਠ ਲਿਖਿਆਂ ਨੂੰ:-

1. ਵਿੱਤੀ ਕਮਿਸ਼ਨਰ, ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ, ਪੰਜਾਬ ਸਰਕਾਰ, ਚੰਡੀਗੜ੍ਹ ਨੂੰ ਸੂਚਨਾ ਲਈ, ਸਮੇਤ ਵਿਸ਼ੇ ਅਧੀਨ ਸਰਕਾਰ ਦੇ ਦਫਤਰ ਦੀਆਂ ਫਾਈਲਾਂ ਮੂਲ ਰੂਪ ਵਿੱਚ ਭੇਜੀਆਂ ਜਾਂਦੀਆਂ ਹਨ।
2. ਸਕੱਤਰ/ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਨੂੰ ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਦੀ ਜਾਣਕਾਰੀ ਲਈ।
3. ਨਿੱਜੀ ਸਕੱਤਰ/ਮਾਨਯੋਗ ਵਣ ਮੰਤਰੀ, ਪੰਜਾਬ ਜੀ ਨੂੰ ਮਾਨਯੋਗ ਵਣ ਮੰਤਰੀ, ਪੰਜਾਬ ਜੀ ਦੀ ਜਾਣਕਾਰੀ ਲਈ।

—ਸਹੀ—
ਪ੍ਰਧਾਨ ਮੁੱਖ ਵਣ ਪਾਲ,
ਪੰਜਾਬ, ਚੰਡੀਗੜ੍ਹ।

ਸਹਿਪੱਤਰ: ਉਪਰੋਕਤ ਵਾਂਗ

ਪਿੱਠ ਅੰਕਣ ਨੰ: FCA/1980/ 2074).-62          ਮਿਤੀ 21-05-19

ਇਸ ਦੀ ਇੱਕ ਨਕਲ ਸਮੇਤ ਸਹਿਪੱਤਰਾਂ ਦੀ ਨਕਲ, ਮੁੱਖ ਵਣ ਪਾਲ, ਪਲੌਨਜ/ਹਿਲਜ, ਸਮੂਹ ਵਣ ਪਾਲ (ਇਲਾਕਾਈ) ਅਤੇ ਸਮੂਹ ਵਣ ਮੰਡਲ ਅਫਸਰ (ਇਲਾਕਾਈ) ਨੂੰ ਇੰਨ-ਬਿੰਨ ਪਾਲਣਾ ਹਿੱਤ ਭੇਜੀ ਜਾਂਦੀ ਹੈ।

ਸਹਿਪੱਤਰ: ਉਪਰੋਕਤ ਵਾਂਗ

ਮੁੱਖ ਵਣ ਪਾਲ, (FC) ਅਤੇ
ਨੋਡਲ ਅਫਸਰ, (FCA),
ਪੰਜਾਬ, ਚੰਡੀਗੜ੍ਹ।

ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 15-6-09 ਨੂੰ ਵਣ ਸੁਰੱਖਿਆ ਐਕਟ 1980 ਅਧੀਨ ਭਾਰਤ ਸਰਕਾਰ ਪਾਸੋਂ ਪ੍ਰਵਾਨਗੀ ਪ੍ਰਾਪਤ ਕਰਨ ਸਬੰਧੀ ਗਾਈਡਲਾਈਨਜ਼ ਨਿਰਧਾਰਿਤ ਕਰਨ ਬਾਰੇ ਮੀਟਿੰਗ ਦੀ ਕਾਰਵਾਈ।

ਮੀਟਿੰਗ ਵਿੱਚ ਹੇਠ ਲਿਖੇ ਅਧਿਕਾਰੀਆਂ ਨੇ ਭਾਗ ਲਿਆ:-

1. ਸ੍ਰੀਮਤੀ ਗੀਤੀਕਾ ਕੱਲ੍ਹਾ, ਪ੍ਰਮੁੱਖ ਸਕੱਤਰ, ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ, ਪੰਜਾਬ ਸਰਕਾਰ।
2. ਸ੍ਰੀ ਡੀ.ਐਸ. ਬੈਂਸ, ਪ੍ਰਮੁੱਖ ਸਕੱਤਰ, ਸਥਾਨਕ ਸਰਕਾਰ, ਪੰਜਾਬ।
3. ਸ੍ਰੀ ਆਰ.ਸੀ. ਨੱਯਰ, ਵਿੱਤੀ ਕਮਿਸ਼ਨਰ, ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ, ਪੰਜਾਬ ਸਰਕਾਰ।
4. ਸ੍ਰੀ ਬੀ.ਸੀ. ਬਾਲਾ, ਪ੍ਰਧਾਨ ਮੁੱਖ ਵਣ ਪਾਲ, ਪੰਜਾਬ।
5. ਸ੍ਰੀ ਜੇ.ਐਸ. ਸੰਧੂ, ਸਕੱਤਰ, ਪੇਂਡੂ ਵਿਕਾਸ ਅਤੇ ਪੰਚਾਇਤ, ਪੰਜਾਬ ਸਰਕਾਰ।
6. ਮੁੱਖ ਇੰਜੀਨੀਅਰ, ਲੋਕ ਨਿਰਮਾਣ ਵਿਭਾਗ (ਬੀ.ਐਂਡ ਆਰ.), ਪੰਜਾਬ ਸਰਕਾਰ।

ਵਿੱਤੀ ਕਮਿਸ਼ਨਰ, ਵਣ ਵੱਲੋਂ ਮੀਟਿੰਗ ਦੇ ਸ਼ੁਰੂ ਵਿੱਚ ਦੱਸਿਆ ਗਿਆ ਕਿ ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 3-9-08 ਨੂੰ ਹੋਈ ਮੀਟਿੰਗ ਵਿੱਚ ਜੋ ਨੁਕਤੇ ਵਿਚਾਰੇ ਗਏ ਸਨ ਉਨ੍ਹਾਂ ਵਿੱਚੋਂ ਕੇਵਲ ਨੁਕਤਾ ਨੰਬਰ 5 ਜੋ ਕਿ ਪੀ.ਐਲ.ਪੀ.ਏ. 1900 ਦੀ ਧਾਰਾ 4 ਅਤੇ 5 ਅਧੀਨ ਬੰਦ ਰਕਬਿਆਂ ਵਿੱਚੋਂ ਭਾਰਤੀ ਵਣ ਸੁਰੱਖਿਆ ਐਕਟ, 1980 ਵਿੱਚ ਡਾਇਵਰਸ਼ਨ ਲਈ ਭੇਜੇ ਜਾਣ ਵਾਲੇ ਕੇਸਾਂ ਸਬੰਧੀ ਪਾਲਿਸੀ ਬਾਰੇ ਹੈ ਸਬੰਧੀ ਹੀ ਅੰਸ਼ਿਕ ਤੌਰ ਤੇ ਫੈਸਲਾ ਕੀਤਾ ਸੀ ਅਤੇ ਅੱਜ ਦੀ ਮੀਟਿੰਗ ਵਿੱਚ ਇਹ ਪੰਜ ਨੁਕਤੇ ਦੋਬਾਰਾ ਮੀਟਿੰਗ ਵਿੱਚ ਵਿਚਾਰੇ ਜਾਂਦੇ ਹਨ। ਇਸ ਲਈ ਹੇਠ ਅਨੁਸਾਰ ਇਨ੍ਹਾਂ ਨੁਕਤਿਆਂ ਨੂੰ ਮੀਟਿੰਗ ਵਿੱਚ ਵਿਚਾਰਿਆ ਗਿਆ :-

1. ***Criteria for recommendation to Govt. of India for permission under Forest (Conservation) Act, 1980 for use of forest land for entry and exit to various establishments along PWD Roads.***

ਇਸ ਨੁਕਤੇ ਸਬੰਧੀ ਵਿੱਤੀ ਕਮਿਸ਼ਨਰ, ਵਣ ਵੱਲੋਂ ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਵਣ ਵਿਭਾਗ ਵੱਲੋਂ ਸੜਕਾਂ ਲਈ ਐਂਟਰੀ ਅਤੇ ਐਗਜ਼ਿਟ ਲਈ ਵਣ ਰਕਬੇ ਦੀ ਡਾਇਵਰਸ਼ਨ ਦੇ ਕੇਸ ਪੀ.ਡਬਲਿਊ.ਡੀ./ ਐਨ.ਐਚ.ਏ.ਆਈ. ਦੀਆਂ ਨਿਰਧਾਰਿਤ ਗਾਈਡਲਾਈਨਜ਼ ਅਨੁਸਾਰ ਹੀ ਭਾਰਤ ਸਰਕਾਰ ਨੂੰ ਪ੍ਰਵਾਨਗੀ ਲਈ ਭੇਜੇ ਜਾਂਦੇ ਹਨ। ਮੀਟਿੰਗ ਵਿੱਚ ਵਿਚਾਰ-ਵਟਾਂਦਰੇ ਉਪਰੰਤ ਇਹ ਫੈਸਲਾ ਕੀਤਾ ਗਿਆ ਕਿ ਪੀ.ਡਬਲਿਊ.ਡੀ. ਵਿਭਾਗ, ਰਾਜ ਵਿੱਚ ਸੜਕਾਂ ਤੇ ਐਂਟਰੀ ਅਤੇ ਐਗਜ਼ਿਟ ਬਾਰੇ ਪੀ.ਡਬਲਿਊ.ਡੀ./ ਐਨ.ਐਚ.ਏ.ਆਈ. (ਪੰਜਾਬ/ਭਾਰਤ ਸਰਕਾਰ) ਦੀਆਂ ਸਾਰੀਆਂ ਗਾਈਡਲਾਈਨਜ਼ ਨੂੰ ਸੰਕਲਿਤ ਕਰਕੇ ਇੱਕ ਪੁੱਕਲੈੱਟ ਫਾਰਮ ਵਿੱਚ 40 ਕਾਪੀਆਂ ਵਣ ਵਿਭਾਗ ਨੂੰ ਸਪਲਾਈ ਕਰੇਗਾ ਤਾਂ ਜੋ ਉਨ੍ਹਾਂ ਨੂੰ ਇੱਕਸਾਰਤਾ ਨਾਲ ਵਿਭਾਗ ਵਿੱਚ ਲਾਗੂ ਕੀਤਾ ਜਾ ਸਕੇ।

Scanned with CamScanner

2. *Norms for mandatory inspection by officers incharge of concerned Territorial Circle in case of diversion of forest land for non forestry purpose.*

ਵਿੱਤੀ ਕਮਿਸ਼ਨਰ, ਵਣ ਵੱਲੋਂ ਮੀਟਿੰਗ ਵਿੱਚ ਦੱਸਿਆ ਗਿਆ ਕਿ ਇਹ ਮੁੱਦਾ ਵਿਭਾਗ ਦੀ ਅੰਦਰੂਨੀ ਕਾਰਗੁਜ਼ਾਰੀ ਨਾਲ ਸਬੰਧਤ ਹੋਣ ਕਰਕੇ ਵਿਭਾਗ ਵੱਲੋਂ ਪਹਿਲਾਂ ਹੀ ਵਣ ਵਿਭਾਗ ਦੇ ਸਬੰਧਤ ਅਧਿਕਾਰੀਆਂ ਨੂੰ ਏਜੰਡੇ ਵਿੱਚ ਤਜਵੀਜ਼ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ, ਇਨ੍ਹਾਂ ਅਨੁਸਾਰ ਕਾਰਵਾਈ ਕਰਨੀ ਸ਼ੁਰੂ ਕਰ ਦਿੱਤੀ ਗਈ ਹੈ। ਇਸ ਲਈ ਇਸ ਤੇ ਮੀਟਿੰਗ ਵਿੱਚ ਹੋਰ ਵਿਚਾਰ-ਵਟਾਂਦਰੇ ਦੀ ਲੋੜ ਨਹੀਂ ਸਮਝੀ ਗਈ।

3. *Extent of Green Area/belt under trees in projects seeking permission under FCA 1980.*

ਇਸ ਸਬੰਧੀ ਮਿਤੀ 3-9--08 ਨੂੰ ਹੋਈ ਮੀਟਿੰਗ ਦੇ ਫੈਸਲੇ ਅਨੁਸਾਰ ਪ੍ਰਮੁੱਖ ਸਕੱਤਰ, ਉਦਯੋਗ ਵੱਲੋਂ ਆਪਣੇ ਸੁਝਾਅ ਭੇਜਣ ਬਾਰੇ ਫੈਸਲਾ ਹੋਇਆ ਸੀ। ਮੀਟਿੰਗ ਵਿੱਚ ਪ੍ਰਮੁੱਖ ਸਕੱਤਰ, ਉਦਯੋਗ ਵੱਲੋਂ ਦੱਸਿਆ ਗਿਆ ਕਿ ਇਸ ਏਜੰਡਾ ਆਈਟਮ ਅਧੀਨ ਤਜਵੀਜ਼ ਕੀਤੇ ਅਨੁਸਾਰ ਗਰੀਨ ਬੈਲਟ ਲਈ ਰਕਬਾ ਮਾਰਕ/ਉਪਲੱਬਧ ਕਰਨਾ ਸੰਭਵ ਨਹੀਂ ਹੋਵੇਗਾ। ਇਸ ਤੇ ਮੁੱਖ ਸਕੱਤਰ, ਪੰਜਾਬ ਜੀ ਵੱਲੋਂ ਪ੍ਰਮੁੱਖ ਸਕੱਤਰ, ਉਦਯੋਗ ਨੂੰ ਦੋਬਾਰਾ ਵਿਚਾਰ ਕੇ ਆਪਣੇ ਸੁਝਾਅ ਦੇਣ ਲਈ ਕਿਹਾ ਗਿਆ ਜਿਸ ਉਪਰੰਤ ਇਸ ਏਜੰਡਾ ਆਈਟਮ ਬਾਰੇ ਬਾਅਦ ਵਿੱਚ ਵਿਚਾਰ ਕੀਤਾ ਜਾਵੇਗਾ।

4. *Criteria for recommendation of imposition of Penal Compensatory Afforestation in cases of regularization of violation under FCA, 1980.*

ਵਿੱਤੀ ਕਮਿਸ਼ਨਰ, ਵਣ ਵੱਲੋਂ ਮੁੱਖ ਸਕੱਤਰ, ਜੀ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਇਹ ਮੁੱਦਾ ਵਿਭਾਗ ਦੇ ਆਪਣੇ ਕੰਮ-ਕਾਜ ਨਾਲ ਸਬੰਧਤ ਹੋਣ ਕਰਕੇ ਇਸ ਏਜੰਡੇ ਵਿੱਚ ਵਿਭਾਗ ਵੱਲੋਂ ਪਹਿਲਾਂ ਹੀ ਏਜੰਡੇ ਵਿੱਚ ਕੀਤੀ ਗਈ ਤਜਵੀਜ਼ ਅਨੁਸਾਰ ਕਾਰਵਾਈ ਕਰਨ ਲਈ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਨ੍ਹਾਂ ਹਦਾਇਤਾਂ ਅਨੁਸਾਰ ਜਿਨ੍ਹਾਂ ਕੇਸਾਂ ਵਿੱਚ ਯੂਜਰ ਏਜੰਸੀ ਵੱਲੋਂ ਕਿਸੇ ਹੋਰ ਸਰਕਾਰੀ ਅਦਾਰੇ ਤੋਂ ਪ੍ਰਵਾਨਗੀ/ਇਤਰਾਜ਼ਹੀਣਤਾ ਸਰਟੀਫਿਕੇਟ ਪ੍ਰਾਪਤ ਕਰਨ ਉਪਰੰਤ ਵਣ ਰਕਬੇ ਨੂੰ ਗੈਰ ਵਣ ਮੰਤਵ ਲਈ ਵਰਤਿਆ ਹੋਵੇ ਤਾਂ ਉਨ੍ਹਾਂ ਕੇਸਾਂ ਵਿੱਚ 2 ਗੁਣਾ ਪੀਨਲ ਕੰਪਨਸੇਟਰੀ ਅਫਾਰਸਟੇਸ਼ਨ ਕਾਸਟ ਪਾਉਣ ਅਤੇ ਜਿਨ੍ਹਾਂ ਕੇਸਾਂ ਵਿੱਚ ਯੂਜਰ ਏਜੰਸੀ ਵੱਲੋਂ ਕਿਸੇ ਸਰਕਾਰੀ ਅਦਾਰੇ ਦੀ ਪ੍ਰਵਾਨਗੀ/ਇਤਰਾਜ਼ਹੀਣਤਾ ਸਰਟੀਫਿਕੇਟ ਪ੍ਰਾਪਤ ਕੀਤੇ ਬਿਨ੍ਹਾਂ ਵਣ ਰਕਬੇ ਨੂੰ ਗੈਰ ਵਣ ਮੰਤਵ ਲਈ ਵਰਤਿਆ ਹੋਵੇ ਉਨ੍ਹਾਂ ਤੇ 10 ਗੁਣਾ ਪੀਨਲ ਕੰਪਨਸੇਟਰੀ ਅਫਾਰਸਟੇਸ਼ਨ ਕਾਸਟ ਪਾਉਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਇਸ ਲਈ ਮੀਟਿੰਗ ਵਿੱਚ ਇਸ ਵਿਸ਼ੇ ਤੇ ਹੋਰ ਵਿਚਾਰ-ਵਟਾਂਦਰਾ ਨਹੀਂ ਕੀਤਾ ਗਿਆ।

5.

*Diversion of forest land from the area closed under Punjab Land Preservation Act, 1900 (PLPA) under Section 4 & 5 area.*

ਮਿਤੀ 3-9-08 ਨੂੰ ਇਸ ਵਿਸ਼ੇ ਤੇ ਅੰਤਰਿਮ ਤੌਰ ਤੇ ਇਹ ਫੈਸਲਾ ਕੀਤਾ ਗਿਆ ਸੀ ਕਿ ਵਣ ਵਿਭਾਗ ਪੀ.ਐਲ.ਪੀ.ਏ. ਦੇ ਰਕਬੇ ਵਿੱਚ ਸਿਰਫ ਈਕੋ ਟੂਰਿਜ਼ਮ ਰਿਜ਼ੌਰਟਸ ਪ੍ਰੋਜੈਕਟ ਦੇ ਕੇਸਾਂ ਵਿੱਚ ਜਿਹੜੇ ਸੈਰ-ਸਪਾਟਾ ਵਿਭਾਗ ਵੱਲੋਂ ਆਪਣੀ ਨਿਰਧਾਰਿਤ ਪਾਲਿਸੀ ਅਧੀਨ ਸਿਫਾਰਿਸ਼ ਕੀਤੇ ਗਏ ਹੋਣਗੇ, ਨੂੰ ਹੀ ਭਾਰਤ ਸਰਕਾਰ ਨੂੰ ਪ੍ਰਵਾਨਗੀ ਲਈ ਭੇਜੇਗਾ। ਜੇਕਰ ਇਨ੍ਹਾਂ ਪ੍ਰੋਜੈਕਟਸ ਵੱਲੋਂ ਪੰਜਾਬ ਸਰਕਾਰ ਦੇ ਬਾਕੀ ਸਬੰਧਤ ਵਿਭਾਗਾਂ ਵੱਲੋਂ ਨਿਰਧਾਰਿਤ ਮਾਪਦੰਡਾਂ ਨੂੰ ਵੀ ਪੂਰਾ ਕਰਨ ਦੀ ਅੰਡਰਟੇਕਿੰਗ ਵੀ ਦਿੱਤੀ ਹੋਵੇ। ਬਾਕੀ ਕੇਸਾਂ ਲਈ ਪੰਜਾਬ ਸਰਕਾਰ ਦੇ ਬਾਕੀ ਵਿਭਾਗਾਂ ਨੂੰ ਇਹ ਪੁੱਛਣ ਲਈ ਫੈਸਲਾ ਕੀਤਾ ਗਿਆ ਸੀ ਕਿ ਉਹ ਆਪਣੇ ਵਿਭਾਗ ਨਾਲ ਸਬੰਧਤ ਕਮਿਊਨਿਟੀ ਨੀਡ ਬੇਸਡ ਪ੍ਰੋਜੈਕਟਸ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਕਿਉਂ ਕਮਿਊਨਿਟੀ ਨੀਡ ਬੇਸਡ ਮੰਨਦੇ ਹਨ, ਦੀ ਉਚਿਤਤਾ ਵੀ ਦੱਸਣ। ਇਸ ਬਾਰੇ ਵਣ ਵਿਭਾਗ ਵੱਲੋਂ ਸਮੂਹ ਪ੍ਰਬੰਧਕੀ ਸਕੱਤਰਾਂ ਪਾਸੋਂ ਕਮਿਊਨਿਟੀ ਨੀਡ ਬੇਸਡ ਪ੍ਰੋਜੈਕਟਸ ਸਬੰਧੀ ਸੁਝਾਅ ਮੰਗੇ ਗਏ ਸੀ। ਇਸ ਸਬੰਧ ਵਿੱਚ ਸਹਿਕਾਰਤਾ ਵਿਭਾਗ, ਆਮ ਰਾਜ ਪ੍ਰਬੰਧ ਵਿਭਾਗ (ਸਕੱਤਰੇਤ ਅਮਲਾ-5 ਸ਼ਾਖਾ), ਪ੍ਰਸੋਨਲ ਵਿਭਾਗ, ਰੱਖਿਆ ਸੇਵਾਵਾਂ ਭਲਾਈ ਵਿਭਾਗ, ਡਾਇਰੈਕਟਰ, ਉਦਯੋਗ ਤੇ ਕਮਰਸ ਵਿਭਾਗ ਅਤੇ ਡਾਇਰੈਕਟਰ, ਸਟੇਟ ਟ੍ਰਾਂਸਪੋਰਟ ਵਿਭਾਗ ਵੱਲੋਂ ਨਿੱਲ ਰਪੋਟ ਪ੍ਰਾਪਤ ਹੋਈ ਹੈ। ਇਨ੍ਹਾਂ ਤੋਂ ਇਲਾਵਾ ਡਾਇਰੈਕਟਰ, ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ ਵੱਲੋਂ ਲਿਖਿਆ ਗਿਆ ਹੈ ਕਿ "ਭਾਰਤ ਸਰਕਾਰ ਮਨਿਸਟਰੀ ਆਫ ਰੋਡ ਟ੍ਰਾਂਸਪੋਰਟ ਅਤੇ ਹਾਈਵੇਜ਼, ਨਵੀਂ ਦਿੱਲੀ ਦੀਆਂ ਹਦਾਇਤਾਂ ਅਨੁਸਾਰ ਨੈਸ਼ਨਲ ਹਾਈਵੇ ਤੇ ਲੱਗਣ ਵਾਲੇ ਪੈਟਰੋਲ/ਡੀਜ਼ਲ/ਗੈਸ ਪੰਪਾਂ ਨੂੰ ਐਨ.ਓ.ਸੀ. ਜਾਰੀ ਕਰਨ ਸਬੰਧੀ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਹੋਈਆਂ ਹਨ"।

ਵਿੱਤੀ ਕਮਿਸ਼ਨਰ, ਵਣ ਵੱਲੋਂ ਵਣ ਵਿਭਾਗ ਵੱਲੋਂ ਤਿਆਰ ਕੀਤੀ ਕਮਿਊਨਿਟੀ ਨੀਡ ਬੇਸਡ ਪ੍ਰੋਜੈਕਟਸ ਦੀ ਕੀਤੀ ਗਈ ਪਛਾਣ ਬਾਰੇ ਦੱਸਿਆ ਗਿਆ। ਇਸ ਵਿਸ਼ੇ ਨੂੰ ਵਿਸਥਾਰ-ਪੂਰਵਕ ਵਿਚਾਰਨ ਉਪਰੰਤ ਹੇਠ ਲਿਖੇ ਪ੍ਰੋਜੈਕਟਸ/ਕੰਮਾਂ ਨੂੰ ਕਮਿਊਨਿਟੀ ਨੀਡ ਬੇਸਡ ਪ੍ਰੋਜੈਕਟ ਮੰਨਦੇ ਹੋਏ ਭਾਰਤ ਸਰਕਾਰ ਨੂੰ ਵਣ ਸੁਰੱਖਿਆ ਐਕਟ, 1980 ਅਧੀਨ ਪ੍ਰਵਾਨਗੀ ਲਈ ਸਿਫਾਰਿਸ਼ ਕਰਨ ਦੀ ਪ੍ਰਵਾਨਗੀ ਦਿੱਤੀ ਗਈ।

ੳ. ਟਿਊਬਵੈੱਲ ਲਗਾਉਣ ਅਤੇ ਉਸ ਲਈ ਬਿਜਲੀ ਦੀਆਂ ਲਾਈਨਾਂ ਆਦਿ ਪਾਉਣੀਆਂ ਅਤੇ ਸਿੰਚਾਈ ਅਤੇ ਸਥਾਨਕ ਵਸਨੀਕਾਂ ਦੇ ਪੀਣ ਦੇ ਪਾਣੀ ਲਈ ਛੋਟੀਆਂ ਸਕੀਮਾਂ ਦੀ ਛੋਟ।

ਅ. ਸਿੰਚਾਈ ਅਤੇ ਹੋਰ ਕੰਮਾਂ ਲਈ ਜ਼ਮੀਨ ਥੱਲੇ ਪਾਈਪਾਂ ਪਾਉਣੀਆਂ।

ੲ. ਇਨ੍ਹਾਂ ਜ਼ਮੀਨਾਂ ਵਿੱਚ ਫਸਲਾਂ ਦੀਆਂ ਉਪਜਾਂ ਵਿੱਚ ਸੁਧਾਰ ਅਤੇ ਇਸ ਨੂੰ ਲਗਾਤਾਰ ਬਣਾਈ ਰੱਖਣ ਲਈ ਸਿੰਚਾਈ ਦੇ ਪਾਣੀ ਦਾ ਯੋਗ ਪ੍ਰਬੰਧ ਕਰਨ ਹਿੱਤ ਕੰਮ ਅਤੇ ਪਾਣੀ ਦੀ ਵੇਸਟੇਜ ਨੂੰ ਘਟਾਉਣਾ।

ਸ. ਸਥਾਨਕ ਲੋਕਾਂ ਦੀਆਂ ਰੋਜ਼ਾਨਾ ਜ਼ਰੂਰਤਾਂ ਨੂੰ ਪੂਰੀਆਂ ਕਰਨ ਲਈ, ਰਹਿਣ ਲਈ ਮਕਾਨ ਦੀ ਉਸਾਰੀ, ਖੇਤੀਬਾੜੀ ਗਤੀਵਿਧੀਆਂ ਨੂੰ ਜਾਰੀ ਰੱਖਣ ਲਈ ਅਤੇ ਹੋਰ ਰੋਜ਼ਾਨਾ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਉਸਾਰੀ ਕਰਨਾ।

ਹ. ਸਾਰੀਆਂ ਲੋਕ ਹਿੱਤ ਸੇਵਾਵਾਂ ਜੋ ਕਿ ਸਰਕਾਰ ਵੱਲੋਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ।

Scanned with CamScanner

ਕ. ਸੜਕਾਂ, ਪੈਟਰੋਲ ਪੰਪ, ਕੁਕਿੰਗ ਗੈਸ ਦੇ ਸਟੋਰ ਅਤੇ ਵਿਕਰੀ ਕੇਂਦਰ, ਬਿਜਲੀ ਅਤੇ ਕੇਬਲ ਦੀਆਂ ਲਾਈਨਾਂ ਪਾਉਣ ਦੇ ਕੇਸ।

ਖ. ਪੁਲ/ਪੁਲੀਆਂ, ਵਾਇਰਲੈੱਸ/ ਟੈਲੀਕਮਿਊਨੀਕੇਸ਼ਨ ਦੇ ਟਾਵਰਜ਼/ਲਾਈਨਾਂ, ਅਤੇ ਹੋਰ ਵਿਭਾਗਾਂ ਦੀਆਂ ਚੈੱਕ ਪੋਸਟਾਂ, ਤਾਰਾਂ ਲਗਾਉਣਾ, ਬਾਗਵਾਨੀ, ਮਾਈਨਰ ਫਾਰੈਸਟ ਪ੍ਰੋਡਿਊਸ ਦੀ ਵਰਤੋਂ ਸਬੰਧੀ ਪਲਾਂਟ ਤੇ ਮਸ਼ਿਨਰੀ/ ਕਾਰਖਾਨੇ ਲਗਾਉਣਾ, ਸੌਲਿਡ ਵੇਸਟ ਅਤੇ ਸੀਵਰੇਜ ਦੇ ਪਾਣੀ ਨੂੰ ਟ੍ਰੀਟ ਕਰਨ ਲਈ ਜਗ੍ਹਾ ਦੀ ਵਰਤੋਂ, ਜਨਰੇਟਰ ਸੈੱਟ ਲਗਾਉਣ ਲਈ ਜਗ੍ਹਾ ਦੀ ਵਰਤੋਂ, ਪਸ਼ੂ-ਪਾਲਣ ਲਈ ਸ਼ੈਡ/ਵਾੜਾ ਅਤੇ ਉਸ ਲਈ ਤਾਲਾਬ ਬਣਾਉਣਾ, ਹਰਬਲ ਪਾਰਕ। ਇਸ ਤੋਂ ਇਲਾਵਾ ਕੁਝ ਕੈਟਾਗਿਰੀ ਵਾਲੇ ਕੇਸ ਨੈਗੇਟਿਵ ਕੈਟਾਗਿਰੀ ਵਿੱਚ ਰੱਖੇ ਗਏ ਸਨ।

<u>ਮਾਨਯੋਗ ਵਣ ਮੰਤਰੀ ਜੀ ਦੇ ਹੁਕਮ:-</u>

ਮੀਟਿੰਗ ਦੀ ਕਾਰਵਾਈ ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਵੱਲੋਂ ਕੀਤੇ ਗਏ ਹੁਕਮਾਂ ਅਨੁਸਾਰ ਮਾਨਯੋਗ ਵਣ ਮੰਤਰੀ ਜੀ ਨੂੰ ਪ੍ਰਵਾਨਗੀ ਲਈ ਭੇਜੀ ਗਈ ਸੀ। ਵਣ ਮੰਤਰੀ ਜੀ ਵੱਲੋਂ ਪੀ.ਐਲ.ਪੀ.ਏ. ਅਧੀਨ ਬੰਦ ਰਕਬਿਆਂ ਲਈ ਕੋਈ ਨੈਗੇਟਿਵ ਲਿਸਟ ਨਾ ਰੱਖਣ ਅਤੇ ਉਨ੍ਹਾਂ ਸਾਰੇ ਮੰਤਵਾਂ ਲਈ ਜਿਨ੍ਹਾਂ ਵਿੱਚ ਭਾਰਤ ਸਰਕਾਰ ਦੀਆਂ ਗਾਈਡਲਾਈਨਜ਼ ਅਨੁਸਾਰ ਭਾਰਤ ਸਰਕਾਰ ਵੱਲੋਂ ਪ੍ਰਵਾਨਗੀ ਦਿੱਤੀ ਜਾ ਸਕਦੀ ਹੈ, ਨੂੰ ਐਫ.ਸੀ.ਏ. ਅਧੀਨ ਪ੍ਰਵਾਨਗੀ ਲਈ ਭੇਜਣ ਦੇ ਹੁਕਮ ਕੀਤੇ ਹਨ ਤਾਂ ਜੋ ਪੀ.ਐਲ.ਪੀ.ਏ. ਤੋਂ ਬਾਹਰ ਦੇ ਵਣ ਰਕਬਿਆਂ ਅਤੇ ਪੀ.ਐਲ.ਪੀ.ਏ. ਅਧੀਨ ਵਣ ਰਕਬਿਆਂ ਸਬੰਧੀ ਪੂਰੇ ਰਾਜ ਵਿੱਚ ਇੱਕਸਾਰਤਾ ਬਣਾਈ ਜਾ ਸਕੇ। ਮਾਨਯੋਗ ਮੰਤਰੀ ਜੀ ਵੱਲੋਂ ਇਨ੍ਹਾਂ ਹੁਕਮਾਂ ਅਨੁਸਾਰ ਕਾਰਵਾਈ ਕਰਨ ਦੇ ਆਦੇਸ਼ ਦਿੱਤੇ ਹਨ।

6. <u>ਹੋਰ ਅਜੰਡਾ ਆਈਟਮ</u> :-

**5 ਹੈਕਟਰ ਤੱਕ ਦੇ ਰਕਬੇ ਦੀ ਭਾਰਤ ਸਰਕਾਰ ਪਾਸੋਂ ਜਨਰਲ ਪ੍ਰਵਾਨਗੀ ਪ੍ਰਾਪਤ ਕਰਨ ਬਾਰੇ:-**

ਮੀਟਿੰਗ ਵਿੱਚ ਵੱਖ-ਵੱਖ ਵਿਭਾਗਾਂ, ਪ੍ਰਿੰਸੀਪਲ ਸਕੱਤਰ ਸਹਿਬਾਨ ਵੱਲੋਂ ਮੁੱਖ ਸਕੱਤਰ ਜੀ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਰਾਜ ਵਿੱਚ ਵਿਕਾਸ ਦੇ ਕੰਮਾਂ ਲਈ ਛੋਟੇ-ਛੋਟੇ ਵਣ-ਰਕਬਿਆਂ ਦੀ ਵਰਤੋਂ ਦੇ ਲੋੜੀਂਦੇ ਕੇਸ ਸਾਹਮਣੇ ਆਉਂਦੇ ਹਨ ਤੇ ਜਿਨਾ ਦੀ ਪ੍ਰਵਾਨਗੀ ਭਾਰਤ ਸਰਕਾਰ ਤੋਂ ਪ੍ਰਾਪਤ ਕਰਨ ਲਈ ਜ਼ਿਆਦਾ ਸਮਾਂ ਲੱਗਦਾ ਹੈ। ਇਸ ਲਈ ਵਿਕਾਸ ਦੇ ਕੰਮਾਂ ਨੂੰ ਕੁਸ਼ਲਤਾ/ਤੇਜੀ ਨਾਲ ਕਰਨ ਲਈ ਇਹ ਸੁਝਾਅ ਦਿੱਤਾ ਕਿ ਅਜਿਹੇ ਕੇਸਾਂ ਦੀ ਪ੍ਰਵਾਨਗੀ ਦੇਣ ਦਾ ਅਧਿਕਾਰ ਰਾਜ ਦੇ ਵਣ ਵਿਭਾਗ ਕੋਲ ਹੋਣਾ ਚਾਹੀਦਾ ਹੈ। ਮੁੱਖ ਸਕੱਤਰ ਜੀ ਵੱਲੋਂ ਆਦੇਸ਼ ਦਿੱਤੇ ਹਨ ਕਿ ਸਰਕਾਰੀ ਵਿਭਾਗਾਂ ਵੱਲੋਂ ਸਬਮਿਟ ਕੀਤੇ 5 ਹੈਕਟਰ ਤੱਕ ਦੇ ਐਫ.ਸੀ.ਏ. ਕੇਸ ਅਤੇ ਪੀ.ਐਲ.ਪੀ.ਏ. ਅਧੀਨ ਬੰਦ ਰਕਬਿਆਂ ਵਿੱਚ 5 ਹੈਕਟਰ ਤੱਕ ਦੇ ਰਕਬੇ ਦੀ ਜ਼ਮੀਨ ਦੇ ਮਾਲਕਾਂ ਵੱਲੋਂ ਸਬਮਿਟ ਕੀਤੇ ਕੇਸਾਂ ਬਾਰੇ ਜਨਰਲ ਪ੍ਰਵਾਨਗੀ ਕਨਵੇ ਕਰਨ ਲਈ ਭਾਰਤ ਸਰਕਾਰ ਨੂੰ ਪ੍ਰਵਾਨਗੀ ਦੇਣ ਲਈ ਮਾਮਲਾ ਤੁਰੰਤ ਟੇਕ-ਅੱਪ ਕੀਤਾ ਜਾਵੇ।

ਪੰਜਾਬ ਸਰਕਾਰ,

ਪੰਜਾਬ ਸਰਕਾਰ,
ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ, ਪੰਜਾਬ,
ਦਫਤਰ ਵਣ ਮੰਡਲ ਅਫਸਰ, ਅੰਮ੍ਰਿਤਸਰ।
ਫਾਰੈਸਟ ਕੰਪਲੈਕਸ, ਤਾਰਾਂ ਵਾਲਾ ਪੁੱਲ, ਅੰਮ੍ਰਿਤਸਰ।
ਫੋਨ/ਫੈਕਸ ਨੰ : 0183-2585480
Email : dfoamritsar@rediffmail.com

ਸੇਵਾ ਵਿਖੇ,

ਵਧੀਕ ਪ੍ਰਧਾਨ ਮੁੱਖ ਵਣ ਪਾਲ (ਐਫ.ਸੀ),
ਅਤੇ ਨੋਡਲ ਅਫਸਰ (ਐਫ.ਸੀ.ਏ.),
ਪੰਜਾਬ, ਐਸ.ਏ.ਐਸ ਨਗਰ

ਨੰਬਰ 10647 ਮਿਤੀ 26/12/22

ਵਿਸ਼ਾ:- **Proposal No. FP/PB/Approach/120478/2021:-Diversion of 0.0116 ha. of forest land for approach road to Residential Colony Named Empire Estate at Kala Ghanpur Sub-Urban, Opp. Dera Rada Swami, Ram Tirath Road on Amritsar-Ramritath Road Tehsil & Distt. Amritsar.**

ਹਵਾਲਾ:- ਆਪ ਜੀ ਦੇ ਦਫਤਰ ਤੋਂ ਪ੍ਰਾਪਤ ਆਨ-ਲਾਈਨ ਇਤਰਾਜ ਮਿਤੀ 19-12-2022

ਉਪਰੋਕਤ ਵਿਸ਼ੇ ਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਆਪ ਜੀ ਵੱਲੋਂ ਲਗਾਏ ਗਏ ਆਨ-ਲਾਈਨ ਇਤਰਾਜ ਅਨੁਸਾਰ ਐਨ.ਪੀ.ਵੀ ਦੀ Separate Sheet, ਨਵੇਂ ਰੇਟਾਂ ਅਨੁਸਾਰ ਸੀ.ਏ ਸਕੀਮ ਅਤੇ ਪਾਰਟ-2 ਪ੍ਰਤੀਹਸਤਾਖਰ ਕਰਨ ਉਪਰੰਤ ਆਨ-ਲਾਈਨ ਪਾਰਟ-2 ਵਿੱਚ ਅਪਲੋਡ ਕਰਕੇ ਨਾਲ ਨੱਥੀ ਕਰਕੇ ਆਪ ਜੀ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਕੇਸ ਦੀ ਮੁੱਢਲੀ ਪ੍ਰਵਾਨਗੀ ਜਾਰੀ ਕਰਨ ਦੀ ਖੇਚਲ ਕੀਤੀ ਜਾਵੇ ਜੀ।

ਨੱਥੀ/ਉਪਰਵਾਂਗ

ਵਣ ਮੰਡਲ ਅਫਸਰ,
ਅੰਮ੍ਰਿਤਸਰ।

ਪਿੱਠ ਅੰਕਣ ਨੰ: ਮਿਤੀ

ਕਾਪੀ ਵਣ ਪਾਲ ਬਿਸਤ ਸਰਕਲ, ਪੰਜਾਬ ਜਲੰਧਰ ਜੀ ਨੂੰ ਉਪਰੋਕਤ ਹਵਾਲੇ ਵਿੱਚ ਸੂਚਨਾਂ ਅਤੇ ਅਗਲੀ ਕਾਰਵਾਈ ਲਈ ਭੇਜੀ ਜਾਂਦੀ ਹੈ।

ਨੱਥੀ/ਉਪਰਵਾਂਗ

ਵਣ ਮੰਡਲ ਅਫਸਰ,
ਅੰਮ੍ਰਿਤਸਰ।